# ਆਪਣੀ COVID-19 ਵੈਕਸੀਨ ਲਗਵਾਉਣ ਲਈ ਡਰਾਈਵ-ਥਰੂ ਟੀਕਾਕਰਨ ਕਲੀਨਿਕ ਵਿੱਚ ਜਾਣਾ



amaze | NDS National Disability Services

Punjabi | ਪੰਜਾਬੀ



ਮੈਂ ਆਪਣੀ COVID-19 ਵੈਕਸੀਨ ਲੈਣ ਲਈ ਇੱਕ ਡਰਾਈਵ-ਥਰੂ ਟੀਕਾਕਰਨ ਕਲੀਨਿਕ ਜਾ ਰਿਹਾ/ਰਹੀ ਹਾਂ।

ਇਹ ਕਲੀਨਿਕ ਵੱਡੇ ਹਨ ਜਿਸਦਾ ਮਤਲਬ ਹੈ ਕਿ ਬਹੁਤ ਸਾਰੇ ਲੋਕ ਇੱਕੋ ਸਮੇਂ 'ਤੇ COVID-19 ਵੈਕਸੀਨ ਲਗਵਾ ਸਕਦੇ ਹਨ।

COVID-19 ਵੈਕਸੀਨ ਇੱਕ ਦਵਾਈ ਹੈ ਜੋ ਮੇਰੀ ਬਾਂਹ ਵਿੱਚ ਸੂਈ (ਟੀਕੇ) ਦੁਆਰਾ ਲਗਾਈ ਜਾਂਦੀ ਹੈ।

ਇਹ ਲੋਕਾਂ ਨੂੰ COVID-19 ਲਾਗ ਗ੍ਰਸਤ ਹੋਣ ਅਤੇ ਫ਼ੈਲਾਉਣ ਤੋਂ ਰੋਕਣ ਵਿੱਚ ਮਦਦ ਕਰੇਗੀ।

ਇਹ ਲੋਕਾਂ ਨੂੰ COVID-19 ਤੋਂ ਬਹੁਤ ਬਿਮਾਰ ਹੋਣ ਤੋਂ ਵੀ ਰੋਕ ਸਕਦੀ ਹੈ।




ਡਰਾਈਵ-ਥਰੂ ਟੀਕਾਕਰਨ ਕਲੀਨਿਕ 'ਤੇ ਪਾਲਣਾ ਕਰਨ ਲਈ ਕੁੱਝ ਨਿਯਮ ਹਨ।
ਜਦੋਂ ਮੈਨੂੰ ਕਾਰ ਨੂੰ ਬੰਦ ਕਰਨ ਲਈ ਕਿਹਾ ਜਾਂਦਾ ਹੈ, ਤਾਂ ਮੋਟਰ/ਇੰਜਣ ਨੂੰ ਬੰਦ ਕਰ ਦੇਣਾ ਲਾਜ਼ਮੀ ਹੈ।
ਮੈਂ ਆਪਣੀ ਖਿੜਕੀ ਦੇ ਸ਼ੀਸ਼ੇ ਨੂੰ ਹਰ ਸਮੇਂ ਹੇਠਾਂ ਰੱਖਾਂਗਾ/ਗੀ।

ਸਟਾਫ਼ ਮੈਨੂੰ ਪੁੱਛੇਗਾ ਕਿ ਕੀ ਮੇਰੀ ਅਪੌਇੰਟਮੈਂਟ ਹੈ।

ਮੈਂ ਉਹਨਾਂ ਨੂੰ ਆਪਣੇ ਫ਼ੋਨ 'ਤੇ ਆਪਣੀ ਅਪੌਇੰਟਮੈਂਟ ਦੀ ਬੁਕਿੰਗ ਦਿਖਾਵਾਂਗਾ/ਗੀ।

ਮੈਂ ਆਪਣੀ ਕਾਰ ਵਿੱਚ ਹੀ ਰਹਾਂਗਾ/ਗੀ ਅਤੇ ਚਿੰਨ੍ਹਾਂ ਅਤੇ ਸੰਕੇਤਾਂ ਦੀ ਪਾਲਣਾ ਕਰਾਂਗਾ/ਗੀ।

ਮੈਨੂੰ ਸਹੀ ਕਤਾਰ ਵਿੱਚ ਭੇਜਣ ਲਈ ਦੂਰੋਂ ਵਿਖਾਈ ਦੇਣ ਵਾਲੀਆਂ (ਉੱਚ-ਵਿਜ਼ੀਬਿਲਟੀ)ਜੈਕਟਾਂ ਵਿੱਚ ਸਟਾਫ਼ ਮੌਜੂਦ ਹੋਵੇਗਾ।




ਜਦੋਂ ਮੈਂ ਕਲੀਨਿਕ ਵਿੱਚੋਂ ਲੰਘਾਂਗਾ/ਗੀ, ਤਾਂ ਉੱਥੇ ਮੈਨੂੰ ਦੱਸਣ ਲਈ ਲੋਕ ਹੋਣਗੇ ਕਿ ਕਿੱਥੇ ਰੁਕਣਾ ਹੈ।

ਮੈਂ ਆਪਣੇ ਫ਼ੋਨ 'ਤੇ QR ਕੋਡ ਦੀ ਵਰਤੋਂ ਕਰਕੇ ਚੈੱਕ-ਇਨ ਕਰਾਂਗਾ/ਗੀ।
ਸਟਾਫ਼ ਮੈਨੂੰ ਇਹ ਦਿਖਾਉਣ ਲਈ ਕਹੇਗਾ ਕਿ ਕੀ ਮੈਂ ਚੈੱਕ ਇਨ ਕੀਤਾ ਹੈ।
ਜੇਕਰ ਮੇਰੇ ਕੋਲ ਫ਼ੋਨ ਨਹੀਂ ਹੈ, ਤਾਂ ਮੈਂ ਆਪਣਾ ਨਾਮ ਅਤੇ ਫ਼ੋਨ ਨੰਬਰ ਲਿਖ ਸਕਦਾ/ਸਕਦੀ ਹਾਂ।
ਕਾਰ ਵਿੱਚ ਮੌਜੂਦ ਸਾਰੇ ਲੋਕਾਂ ਨੂੰ ਚੈੱਕ ਇਨ ਕਰਨਾ ਚਾਹੀਦਾ ਹੈ।

ਮੇਰੇ ਤਾਪਮਾਨ ਦੀ ਜਾਂਚ ਕੀਤੀ ਜਾਵੇਗੀ।

ਕਾਰ ਵਿੱਚ ਮੌਜੂਦ ਸਾਰੇ ਲੋਕਾਂ ਦੇ ਤਾਪਮਾਨ ਦੀ ਜਾਂਚ ਕੀਤੀ ਜਾਵੇਗੀ।






ਮੈਨੂੰ ਵਰਤੋਂ ਤੋਂ ਬਾਅਦ ਸੁੱਟ ਦੇਣ ਵਾਲੇ (ਡਿਸਪੋਜ਼ੇਬਲ) ਇੱਕ ਨਵੇਂ ਮਾਸਕ ਨਾਲ ਆਪਣਾ ਮਾਸਕ ਬਦਲਣ ਦੀ ਲੋੜ ਪਵੇਗੀ।

ਇਹ ਯਕੀਨੀ ਬਣਾਉਂਦਾ ਹੈ ਕਿ ਕਲੀਨਿਕ ਵਿੱਚ ਦਾਖਲ ਹੋਣ ਵਾਲੇ ਹਰ ਵਿਅਕਤੀ ਕੋਲ ਨਵਾਂ ਸਾਫ਼ ਮਾਸਕ ਹੈ।

ਮੈਨੂੰ ਮਾਸਕ ਨੂੰ ਛੂਹਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਪਣੇ ਹੱਥਾਂ ਨੂੰ ਰੋਗਾਣੂ-ਮੁਕਤ ਕਰਨ ਦੀ ਜ਼ਰੂਰਤ ਹੋਵੇਗੀ।

ਕਾਰ ਵਿੱਚ ਮੌਜੂਦ ਸਾਰੇ ਲੋਕਾਂ ਨੂੰ ਅਜਿਹਾ ਕਰਨ ਦੀ ਲੋੜ ਹੋਵੇਗੀ।






ਡਰਾਈਵਰ ਨੂੰ ਪੁੱਛਿਆ ਜਾਵੇਗਾ ਕਿ ਕਾਰ ਵਿੱਚ ਕੌਣ-ਕੌਣ ਟੀਕਾ ਲਗਵਾ ਰਿਹਾ ਹੈ।

ਮੈਨੂੰ ਸਟਾਫ਼ ਨੂੰ ਮੇਰਾ ਮੈਡੀਕੇਅਰ ਕਾਰਡ ਅਤੇ ਫ਼ੋਟੋ ID ਦਿਖਾਉਣ ਦੀ ਲੋੜ ਪਵੇਗੀ।

ਇੱਕ ਸਟਾਫ਼ ਮੈਂਬਰ ਮੈਨੂੰ ਕੁਝ ਸਵਾਲ ਪੁੱਛੇਗਾ।




ਵਿੰਡਸਕ੍ਰੀਨ 'ਤੇ ਸਟਿੱਕਰ ਲਗਾਇਆ ਜਾਵੇਗਾ।

ਇਹ ਕਲੀਨਿਕ ਦੇ ਸਟਾਫ਼ ਨੂੰ ਇਹ ਜਾਣਕਾਰੀ ਦਿੰਦਾ ਹੈ ਕਿ ਮੈਂ ਜਾਂਚਾਂ ਵਿੱਚੋਂ ਦੀ ਲੰਘ ਚੁੱਕਾ/ਚੁੱਕੀ ਹਾਂ।






ਸਟਾਫ਼ ਮੈਂਬਰ ਮੈਨੂੰ ਮੇਰੀ ਸਿਹਤ ਬਾਰੇ ਕੁਝ ਸਵਾਲ ਪੁੱਛੇਗਾ।

ਉਹ ਫਿਰ ਮੇਰੇ ਨਾਲ ਇਸ ਬਾਰੇ ਗੱਲ ਕਰਨਗੇ ਕਿ ਮੈਂ ਕਿਹੜੀ ਵੈਕਸੀਨ ਲਗਵਾ ਸਕਦਾ/ਦੀ ਹਾਂ।



ਮੈਂ ਗੱਡੀ ਚਲਾ ਕੇ ਅਗਲੇ ਸਟਾਪ ਤੱਕ ਜਾਵਾਂਗਾ/ਗੀ।
ਕੋਈ ਸਟਾਫ਼ ਮੈਂਬਰ ਮੈਨੂੰ ਦੱਸੇਗਾ ਕਿ ਕਿੱਥੇ ਜਾਣਾ ਹੈ।






ਨਰਸ ਮੇਰੇ ਨਾਲ COVID-19 ਵੈਕਸੀਨ ਬਾਰੇ ਗੱਲ ਕਰੇਗੀ।

ਉਹ ਮੈਨੂੰ ਕੁੱਝ ਸਵਾਲ ਪੁੱਛ ਸਕਦੇ ਹਨ ਅਤੇ ਇਸ ਬਾਰੇ ਗੱਲ ਕਰ ਸਕਦੇ ਹਨ ਕਿ ਵੈਕਸੀਨ ਲਗਵਾਉਣ ਤੋਂ ਬਾਅਦ ਮੈਂ ਕਿਸ ਤਰ੍ਹਾਂ ਦਾ ਮਹਿਸੂਸ ਕਰ ਸਕਦਾ/ਦੀ ਹਾਂ।

ਫਿਰ ਉਹ ਮੈਨੂੰ ਵੈਕਸੀਨ ਲਗਵਾਉਣ ਲਈ ਆਪਣੀ ਸਹਿਮਤੀ ਦੇਣ ਲਈ ਕਹਿਣਗੇ।

ਨਰਸ ਮੈਨੂੰ ਆਪਣਾ ਜੰਪਰ (ਕੋਟੀ ਜਾਂ ਜੈਕੇਟ) ਉਤਾਰਨ ਜਾਂ ਆਪਣੀ ਕਮੀਜ਼ ਦੀ ਬਾਂਹ ਨੂੰ ਉੱਪਰ ਚੁੱਕਣ ਲਈ ਕਹੇਗੀ।



ਜੇ ਮੈਨੂੰ ਟੀਕੇ ਬਾਰੇ ਘਬਰਾਹਟ ਮਹਿਸੂਸ ਹੁੰਦੀ ਹੈ, ਤਾਂ ਮੈਂ ਕੰਧ 'ਤੇ ਕਿਸੇ ਚੀਜ਼ ਵੱਲ ਦੇਖ ਸਕਦਾ/ਦੀ ਹਾਂ।

ਮੇਰਾ ਸਹਿਯੋਗੀ ਵਿਅਕਤੀ ਮੇਰਾ ਧਿਆਨ ਭਟਕਾ ਸਕਦਾ ਹੈ।

ਮੈਂ ਨਰਸ ਨੂੰ ਪੁੱਛ ਸਕਦਾ/ਸਕਦੀ ਹਾਂ ਕਿ ਕੀ ਮੈਂ ਕੋਈ ਸੰਗੀਤ ਸੁਣ ਸਕਦਾ/ਸਕਦੀ ਹਾਂ ਜਾਂ ਕਿਸੇ ਧਿਆਨ ਭਟਕਾਉਣ ਵਾਲੀ ਚੀਜ਼ ਦੀ ਵਰਤੋਂ ਕਰ ਸਕਦਾ/ਸਕਦੀ ਹਾਂ।




ਮੈਨੂੰ ਟੀਕੇ ਲਗਾਉਣ ਤੋਂ ਬਾਅਦ, ਨਰਸ ਮੇਰੀ ਬਾਂਹ 'ਤੇ ਬੈਂਡ-ਏਡ ਅਤੇ/ਜਾਂ ਰੂੰਅ ਦਾ ਫ਼ੰਬਾ ਲਗਾ ਦੇਵੇਗੀ।

ਫਿਰ ਮੈਂ ਆਪਣੇ ਜੰਪਰ (ਕੋਟੀ ਜਾਂ ਜੈਕੇਟ) ਨੂੰ ਵਾਪਸ ਪਾ ਸਕਦਾ/ਸਕਦੀ ਹਾਂ, ਜਾਂ ਆਪਣੀ ਕਮੀਜ਼ ਦੀ ਬਾਂਹ ਨੂੰ ਹੇਠਾਂ ਕਰ ਸਕਦਾ/ਸਕਦੀ ਹਾਂ।



ਸਟਾਫ਼ ਮੈਂਬਰ ਮੇਰੀ ਕਾਰ 'ਤੇ ਸਮਾਂ ਲਿਖੇਗਾ।
ਇਹ ਮੈਨੂੰ ਦੱਸਦਾ ਹੈ ਕਿ ਮੇਰਾ ਟੀਕਾਕਰਨ ਕਿਸ ਸਮੇਂ ਹੋਇਆ ਸੀ।



ਮੈਂ ਗੱਡੀ ਚਲਾ ਕੇ ਉਡੀਕ ਖੇਤਰ ਵਿੱਚ ਜਾਵਾਂਗਾ ਅਤੇ ਉਡੀਕ ਖੇਤਰ ਵਿੱਚ ਗੱਡੀ ਖੜ੍ਹੀ ਕਰਾਂਗਾ।

ਮੈਂ ਉਡੀਕ ਖੇਤਰ ਵਿੱਚ 15 ਮਿੰਟ ਲਈ ਉਡੀਕ ਕਰਾਂਗਾ/ਗੀ।

ਇਹ ਕਾਰ ਦੀ ਖਿੜਕੀ 'ਤੇ ਲੱਗੇ ਸਟਿੱਕਰ 'ਤੇ ਲਿਖੇ ਸਮੇਂ ਤੋਂ 15 ਮਿੰਟ ਬਾਅਦ ਤੱਕ ਹੁੰਦਾ ਹੈ। ਇਹ ਟੀਕਾ ਲਗਵਾਉਣ ਦੇ ਬਾਅਦ ਸ਼ੁਰੂ ਹੁੰਦਾ ਹੈ।

ਮੈਂ ਆਪਣੇ ਫ਼ੋਨ 'ਤੇ ਸਮਾਂ ਸੈੱਟ ਕਰ ਸਕਦਾ/ਸਕਦੀ ਹਾਂ।

ਜਦੋਂ ਮੈਂ ਉਡੀਕ ਕਰ ਰਿਹਾ ਹੁੰਦਾ/ਦੀ ਹਾਂ ਤਾਂ ਮੈਂ ਸੰਗੀਤ ਸੁਣ ਸਕਦਾ/ਦੀ ਹਾਂ ਅਤੇ ਫਿਜੇਟ ਆਈਟਮਾਂ (ਧਿਆਨ ਭਟਕਾਉਣ ਵਾਲਿਆਂ ਚੀਜ਼ਾਂ) ਦੀ ਵਰਤੋਂ ਕਰ ਸਕਦਾ/ਦੀ ਹਾਂ।

ਮੈਂ ਰੋਸ਼ਨੀ ਨੂੰ ਰੋਕਣ ਲਈ ਟੋਪੀ/ਧੁੱਪ ਵਾਲੇ ਚਸ਼ਮੇ ਦੀ ਵਰਤੋਂ ਕਰ ਸਕਦਾ/ਦੀ ਹਾਂ ਜੇਕਰ ਧੁੱਪ ਬਹੁਤ ਚਮਕਦਾਰ ਹੈ।




ਇੱਕ ਸਟਾਫ ਮੈਂਬਰ ਮੇਰੇ ਨਾਲ 15 ਮਿੰਟ ਬਾਅਦ ਗੱਲ ਕਰੇਗਾ।
ਉਹ ਮੈਨੂੰ ਕੁਝ ਸਵਾਲ ਪੁੱਛਣਗੇ ਕਿ ਮੈਂ ਕਿਵੇਂ ਮਹਿਸੂਸ ਕਰ ਰਿਹਾ/ਰਹੀ ਹਾਂ।
ਉਹ ਮੈਨੂੰ ਦੱਸਣਗੇ ਕਿ ਮੈਂ ਹੁਣ ਜਾ ਸਕਦਾ/ਦੀ ਹਾਂ।







ਮੈਂ ਹੁਣ ਟੀਕਾਕਰਨ ਕਲੀਨਿਕ ਛੱਡ ਕੇ ਜਾ ਸਕਦਾ/ਸਕਦੀ ਹਾਂ।

ਆਸਟ੍ਰੇਲੀਅਨ ਸਰਕਾਰ ਕੋਲ COVID-19 ਵੈਕਸੀਨ ਬਾਰੇ ਬਹੁਤ ਸਾਰੀ ਉਪਯੋਗੀ ਜਾਣਕਾਰੀ ਹੈ। ਤੁਸੀਂ ਇਹਨਾਂ ਬਾਰੇ ਪੜ੍ਹ ਸਕਦੇ ਹੋ:

[COVID-19 ਵੈਕਸੀਨ ਕੀ ਹੈ? - ਸਰਲ ਭਾਸ਼ਾ ਵਿੱਚ ਪੜ੍ਹੋ]

[ਵੈਕਸੀਨ ਕੌਣ ਲਗਵਾਵੇਗਾ? - ਸਰਲ ਭਾਸ਼ਾ ਵਿੱਚ ਪੜ੍ਹੋ]

[ਐਸਟ੍ਰਾਜ਼ੈਨੇਕਾ ਵੈਕਸੀਨ - ਸਰਲ ਭਾਸ਼ਾ ਵਿੱਚ ਪੜ੍ਹੋ]

[ਫਾਈਜ਼ਰ ਵੈਕਸੀਨ - ਸਰਲ ਭਾਸ਼ਾ ਵਿੱਚ ਪੜ੍ਹੋ]

[ਟੀਕਾਕਰਨ ਕਰਵਾਉਣ ਲਈ ਤਿਆਰੀ ਕਰਨਾ - ਸਰਲ ਭਾਸ਼ਾ ਵਿੱਚ ਪੜ੍ਹੋ]

[ਜਦੋਂ ਤੁਸੀਂ ਆਪਣਾ ਟੀਕਾਕਰਨ ਕਰਵਾ ਲੈਂਦੇ ਹੋ ਤਾਂ ਕੀ ਉਮੀਦ ਕਰਨੀ ਹੈ - ਸਰਲ ਭਾਸ਼ਾ ਵਿੱਚ ਪੜ੍ਹੋ]

[ਆਪਣੀ ਸਹਿਮਤੀ ਦੇਣਾ - ਸਰਲ ਭਾਸ਼ਾ ਵਿੱਚ ਪੜ੍ਹੋ]

[ਤੁਹਾਡੇ ਟੀਕਾਕਰਨ ਕਰਵਾਉਣ ਤੋਂ ਬਾਅਦ ਤੁਹਾਨੂੰ ਜੋ ਮਾੜੇ ਪ੍ਰਭਾਵ ਹੋ ਸਕਦੇ ਹਨ - ਸਰਲ ਭਾਸ਼ਾ ਵਿੱਚ ਪੜ੍ਹੋ]

ਆਪਣੇ ਸਥਾਨਕ ਡਰਾਈਵ-ਥਰੂ (ਗੱਡੀ ਰਾਹੀਂ) ਵੈਕਸੀਨੇਸ਼ਨ ਕਲੀਨਿਕ ਨਾਲ ਪਹੁੰਚਯੋਗਤਾ ਅਤੇ ਪਹੁੰਚ ਬਾਰੇ ਵੇਰਵਿਆਂ ਦੀ ਜਾਂਚ ਕਰੋ

# ਅਮੇਜ਼ (Amaze) ਅਤੇ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (National Disability Services) ਦੁਆਰਾ ਸਾਂਝੇਦਾਰੀ ਵਿੱਚ ਮਾਣ ਨਾਲ ਤਿਆਰ ਕੀਤਾ ਗਿਆ ਹੈ


ਅਮੇਜ਼ (Amaze)

ਫ਼ੋਨ: 03 9657 1600

www.amaze.org.au

ਈਮੇਲ: info@autismconnect.org.au

ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (National Disability Services)

ਫ਼ੋਨ: 03 8341 4300

www.nds.org.au

ਈਮੇਲ: ndsvic@nds.org.au



**ਮਾਨਤਾਵਾਂ**

ਸੇਂਟ ਵਿਨਸੈਂਟ ਹਸਪਤਾਲ ਮੈਲਬੌਰਨ (St Vincent's Hospital Melbourne) ਅਤੇ ਕੈਂਪਬਲਫੀਲਡ ਫੋਰਡ ਕੰਪਲੈਕਸ (Campbellfield Ford Complex) ਵਿਖੇ ਉਹਨਾਂ ਦੇ ਸਟਾਫ਼, genU ਨੌਰਥਕੋਟ ਵਾਲੇ ਸਟਾਫ਼ ਅਤੇ ਹਿੱਸੇਦਾਰਾਂ, ਵਿਕਟੋਰੀਆ ਦੀ ਏਥੇਨਿਕ ਕਮਿਊਨਿਟੀ ਕੌਂਸਲ (Ethnic Community Council of Victoria) ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਧੰਨਵਾਦ ਸਹਿਤ ਜਿਨ੍ਹਾਂ ਨੇ ਵਿਭਿੰਨ ਭਾਈਚਾਰਿਆਂ ਲਈ ਡਰਾਈਵ-ਥਰੂ ਵੈਕਸੀਨੇਸ਼ਨ ਕਲੀਨਿਕ ਸਰੋਤ ਦੇ ਮੁੜ-ਵਿਕਾਸ ਵਿੱਚ ਆਪਣਾ ਸਮਰਥਨ ਅਤੇ ਹਿੱਸੇਦਾਰੀ ਦੀ ਪੇਸ਼ਕਸ਼ ਕੀਤੀ।

ਇਹ ਸਮਾਜਿਕ ਪਟਕਥਾ ਅਮੇਜ਼ (Amaze) ਅਤੇ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (NDS) ਦੁਆਰਾ ਵਿਕਟੋਰੀਆ ਦੇ ਸਿਹਤ ਵਿਭਾਗ (Victorian Department of Health) ਅਤੇ ਵਿਕਟੋਰੀਆ ਦੇ ਫੈਮਿਲੀਜ਼ ਫੇਅਰਨੈੱਸ ਐਂਡ ਹਾਊਸਿੰਗ ਵਿਭਾਗ (Victorian Department of Families Fairness and Housing.) ਦੇ ਸਹਿਯੋਗ ਨਾਲ ਬਣਾਈ ਗਈ ਸੀ।



© Amaze 2021